ੴ ਵਾਹਿਗੁਰੂ ਜੀ ਕੀ ਫ਼ਤਹ ॥

716/3-13/1000

ਸਚੈ ਤਖ਼ਤੁ ਰਚਾਇਆ

ਸ੍ਰੀ ਅਕਾਲ ਤਖ਼ਤ ਸਾਹਿਬ ਜੀ

# ਸ੍ਰੀ ਅਕਾਲ ਤਖ਼ਤ ਸਾਹਿਬ

Sri Akal Takhat Sahib, Sri Amritsar (Pb.) India

ਨੰਬਰ ਅ:ਤ:/3018 | ਆਦੇਸ਼ | ਮਿਤੀ 16-5-2016

ਅੱਜ ਮਿਤੀ 3 ਜੇਠ ਸੰਮਤ ਨਾਨਕਸ਼ਾਹੀ 548 ਮੁਤਾਬਿਕ 16 ਮਈ 2016 ਨੂੰ ਦਫ਼ਤਰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਤਖ਼ਤਾਂ ਦੇ ਜਥੇਦਾਰ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਪਿਛਲੇ ਦਿਨੀ 15 ਅਪ੍ਰੈਲ 2016 ਵਰਜੀਨੀਆ (ਅਮਰੀਕਾ) ਵਿਖੇ ਸਾਹਿਬੇ ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਵੱਲੋਂ ਪੰਜ ਬਾਣੀਆਂ ਦਾ ਪਾਠ ਕਰਕੇ ਅੰਮ੍ਰਿਤ-ਸੰਚਾਰ ਕਰਨ ਦੀ ਬਣਾਈ ਮਰਿਯਾਦਾ ਨੂੰ ਗੁਰੂ ਦੋਖੀ, ਪੰਥ ਦੋਖੀਆਂ ਨੇ ਆਪਣੀ ਮਨ ਮਰਜੀ ਅਨੁਸਾਰ ਪੰਥਕ ਮਰਿਯਾਦਾ ਦੇ ਉਲਟ ਜਾ ਕੇ ਅੰਮ੍ਰਿਤ-ਸੰਚਾਰ ਦੇ ਨਾਮ ‘ਤੇ ਸਿੱਖ ਸੰਗਤਾਂ ਨੂੰ ਗੁਮਰਾਹ ਕਰਕੇ ਵੱਡੀ ਸ਼ਰਾਰਤ ਕੀਤੀ ਹੈ ਜੋ ਗੁਰੂ ਖ਼ਾਲਸਾ ਪੰਥ ਲਈ ਨਾ-ਸਹਿਣਯੋਗ ਹੈ। ਜਿਸ ਦਾ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਕਰੜਾ ਵਿਰੋਧ ਕੀਤਾ ਹੈ। ਐਸੇ ਪੰਥ ਦੋਖੀਆਂ ਨੂੰ ਗੁਰਬਾਣੀ ਰਾਹੀਂ ਦਿੱਤੇ ਉਪਦੇਸ਼ ਅਨੁਸਾਰ “ਮੂਰਖ ਗੰਢੁ ਪਵੈ ਮੁਹਿ ਮਾਰ ॥” ਹੀ ਬਣਦਾ ਹੈ। ਪੰਥ ਦੋਖੀ ਪਹਿਲਾਂ ਵੀ ਹੋਏ ਹਨ। ਬਾਬੂ ਤੇਜਾ ਸਿੰਘ ਭਸੌੜੀਆ ਨੇ ਦਸਮ ਪਾਤਸ਼ਾਹ ਦੀਆਂ ਪਾਵਨ ਅੰਮ੍ਰਿਤ-ਸੰਚਾਰ ਦੀਆਂ ਪੰਜ ਬਾਣੀਆਂ ਨਾਲ ਛੇੜਛਾੜ ਕੀਤੀ ਜਿਸ ਕਰਕੇ ਉਸਨੂੰ ਪੰਥ ਵਿਚੋਂ ਛੇਕਿਆ ਗਿਆ। ਉਸਦੇ ਵਾਰਸਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ‘ਤੇ ਪੇਸ਼ ਹੋ ਕੇ ਉਸਦੀ ਕਰਤੂਤ ਲਈ ਖਿਮਾਂ-ਯਾਚਨਾਂ ਕੀਤੀ। ਇਸ ਤੋਂ ਬਾਅਦ ਤਾਂ ਲਗਾਤਾਰ ਇੱਕ ਲੜੀ ਹੀ ਸ਼ੁਰੂ ਹੋ ਗਈ। ਗੁਰੂ ਕਲਗੀਧਰ ਪਿਤਾ ਦੀ ਬਾਣੀ ਅਤੇ ਉਹਨਾਂ ਦੇ ਪਾਵਨ ਸਿਧਾਂਤਾਂ ‘ਤੇ ਨਿੰਦਣਯੋਗ ਹਮਲਿਆਂ ਦੀ ਹੁਣ ਤਾਂ ਹੱਦ ਹੋ ਗਈ ਹੈ ਕਿ ਵਰਜੀਨੀਆਂ ਦੇ ਕੁਲਦੀਪ ਸਿੰਘ, ਗੁਰਦੀਪ ਸਿੰਘ, ਸੁਰਿੰਦਰ ਸਿੰਘ, ਰਜਿੰਦਰ ਸਿੰਘ, ਨਰੂਲਾ ਅਤੇ ਉਸਦੇ ਸਾਥੀਆਂ ਦਾ ਕਾਰਾ ਨਾ-ਸਹਿਣਯੋਗ ਇਸ ਕਰਕੇ ਹੈ ਕਿਉਂਕਿ ਇਹ ਆਪਣੇ ਆਪ ਨੂੰ ਗ੍ਰੰਥੀ ਜਾਂ ਪ੍ਰਚਾਰਕ ਅਖਵਾਉਂਦੇ ਹਨ। ਇਸ ਦੇ ਨਾਲ ਹੀ ਮੁੱਖ ਮੁੱਦਾ ਇਹ ਹੈ ਕਿ ਇਹਨਾਂ ਪੰਥ ਦੋਖੀਆਂ ਦਾ ਅਸਲ ਹਮਲਾ ਅਤੇ ਨਿਸ਼ਾਨਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ‘ਤੇ ਹੈ। ਇਸ ਲਈ ਇਹ ਲਿਖਤੀ ਤੌਰ ਤੇ ਵੀ ਬਾਰ-ਬਾਰ ਅੰਮ੍ਰਿਤ-ਸੰਚਾਰ ਦੀਆਂ ਬਾਣੀਆਂ ਬਾਰੇ ਵੀ ਊਟ-ਪਟਾਂਗ ਲਿਖਦੇ ਰਹਿੰਦੇ ਹਨ। ਇਹ ਮਸਲਾ ਅਤਿ ਗੰਭੀਰ ਹੈ ਜਿਸਦਾ ਸਾਰੀਆਂ ਧਾਰਮਿਕ ਪੰਥਕ ਜਥੇਬੰਦੀਆਂ ਦੀ ਰਾਇ ਲੈ ਕੇ ਅਗਲੀ ਕਾਰਵਾਈ ਕੀਤੀ ਜਾਵੇਗੀ। ਇਨ੍ਹਾਂ ਪੰਥ ਦੋਖੀਆਂ ਨੂੰ ਪੰਜ ਤਖ਼ਤਾਂ ਦੇ ਜਥੇਦਾਰ ਸਿੰਘ ਸਾਹਿਬਾਨ ਦੀ ਮਿਤੀ 4 ਜੂਨ 2016 ਨੂੰ ਹੋ ਰਹੀ ਇਕੱਤਰਤਾ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਜਾਂਦਾ ਹੈ। ਅੱਗੇ ਹੋਰ ਸਮਾਂ ਨਹੀਂ ਦਿੱਤਾ ਜਾਵੇਗਾ। ਇਹ ਪਹਿਲਾ ਤੇ ਆਖਰੀ ਸਮਾਂ ਹੈ। ਨਹੀਂ ਅਉਣਗੇ ਤਾਂ ਪੰਥ ਦੀ ਰਾਏ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

(ਇਕਬਾਲ ਸਿੰਘ)
ਜਥੇਦਾਰ
ਤਖ਼ਤ ਸ੍ਰੀ ਹਰਿਮੰਦਰ ਜੀ,
ਪਟਨਾ ਸਾਹਿਬ (ਬਿਹਾਰ)।

(ਗੁਰਬਚਨ ਸਿੰਘ)
ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ।

(ਮੱਲ ਸਿੰਘ)
ਜਥੇਦਾਰ,
ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,
ਸ੍ਰੀ ਅਨੰਦਪੁਰ ਸਾਹਿਬ।

(ਗੁਰਮੁਖ ਸਿੰਘ)
ਜਥੇਦਾਰ,
ਤਖ਼ਤ ਸ੍ਰੀ ਦਮਦਮਾ ਸਾਹਿਬ,
ਤਲਵੰਡੀ ਸਾਬੋ (ਬਠਿੰਡਾ)।

(ਜੋਤਇੰਦਰ ਸਿੰਘ)
ਮੀਤ ਜਥੇਦਾਰ,
ਤਖ਼ਤ ਸੱਚਖੰਡ ਸ੍ਰੀ ਅਬਿਚਲ ਨਗਰ,
ਹਜ਼ੂਰ ਸਾਹਿਬ, ਨਾਂਦੇੜ (ਮਹਾਂਰਾਸ਼ਟਰ)।

ਫ਼ੋਨ/ਫੈਕਸ ਦਫ਼ਤਰ : 91-183-2540820, 98146-79291, 94631-11313 ਪੀ.ਬੀ.ਐਕਸ : 91-183-2553957,58,59 ਐਕਸਟੈਨਸ਼ਨ: ਦਫ਼ਤਰ 434